**ਪੰਜਾਬ ਸਕੂਲ ਸਿੱਖਿਆ ਬੋਰਡ**

ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

ਨੰ:ਪਸਸਬ-ਕਸ-2023/1115

ਮਿਤੀ: 31/03/2023

ਵੱਲ

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼
ਪਰੀਖਿਆਵਾਂ ਸ਼ੈਸ਼ਨ 2022-23

ਵਿਸ਼ਾ:- **ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਮਿਤੀ 01/04/2023 ਨੂੰ ਹੋਣ ਵਾਲੀਆਂ ਪਰੀਖਿਆਵਾਂ ਦੇ ਪ੍ਰਸ਼ਨ-ਪੱਤਰ ਬੈਂਕਾਂ ਵਿੱਚੋਂ ਪ੍ਰਾਪਤ ਕਰਨ ਸਬੰਧੀ।**

ਉਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਮਿਤੀ 01/04/2023 ਨੂੰ ਬੈਂਕਾਂ ਵਿੱਚ Closing Day ਹੋਣ ਕਾਰਨ ਪਬਲਿਕ ਡੀਲਿੰਗ ਨਹੀਂ ਕੀਤੀ ਜਾਵੇਗੀ, ਪ੍ਰੰਤੂ ਬੈਂਕ ਬਰਾਂਚਾਂ ਖੁੱਲੀਆਂ ਹਨ। ਜਿਸ ਕਾਰਨ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀਆਂ ਮਿਤੀ 01/04/2023 ਨੂੰ ਹੋਣ ਵਾਲੀ ਪਰੀਖਿਆ ਦੇ ਪ੍ਰਸ਼ਨ-ਪੱਤਰਾਂ ਨੂੰ ਕੱਲ੍ਹ ਮਿਤੀ 01.04.2023 ਨੂੰ Bank Closing ਵਾਲੇ ਦਿਨ ਸਮੇਂ ਸਿਰ ਪ੍ਰਾਪਤ ਕਰਵਾਉਣ ਸਬੰਧੀ ਸਮੂਹ ਬੈਂਕ ਮੈਨੇਜਰਾਂ ਨੂੰ ਮੁੱਖ ਦਫਤਰ ਵੱਲੋਂ ਪ੍ਰਸ਼ਨ ਪੱਤਰ ਸਮੇਂ ਤੇ ਪ੍ਰਾਪਤ ਕਰਵਾਉਣ ਸਬੰਧੀ ਸੂਚਿਤ ਕਰ ਦਿੱਤਾ ਗਿਆ ਹੈ।

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰਜ਼ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕੱਲ੍ਹ ਮਿਤੀ 01.04.2023 ਨੂੰ ਹੋਣ ਵਾਲੀ ਪਰੀਖਿਆ ਦੇ ਨਾਲ ਸਬੰਧਤ ਵਿਸ਼ਿਆਂ ਦੇ ਪ੍ਰਸ਼ਨ-ਪੱਤਰ ਦਫਤਰ ਵੱਲੋਂ ਨਿਰਧਾਰਿਤ ਸਮੇਂ ਸਿਰ ਬੈਂਕ ਤੋਂ ਪ੍ਰਾਪਤ ਕਰਕੇ ਕੇਂਦਰ ਸੁਪਰਡੰਟ ਨੂੰ ਸਮੇਂ ਸਿਰ ਸੌਂਪਣਾ ਯਕੀਨੀ ਬਣਾਇਆ ਜਾਵੇ ਅਤੇ ਦਫਤਰ ਵਿੱਚ ਜ਼ਿਲ੍ਹਾ ਡੀਲਿੰਗ ਸਹਾਇਕਾਂ ਵੱਲੋਂ ਬਣਾਏ ਗਏ Whatsapp ਗਰੁੱਪਾਂ ਵਿੱਚ ਇਸਦੀ ਸੂਚਨਾ ਸਮੇਂ-ਸਿਰ ਦਿੱਤੀ ਜਾਵੇ।

ਸਹੀ/-
ਸਹਾਇਕ ਸਕੱਤਰ (ਕ.ਸ)
ਪੰਜਾਬ ਸਕੂਲ ਸਿੱਖਿਆ ਬੋਰਡ

ਪਿੱਠ ਅੰਕਣ ਨੰ: ਪਸਸਬ-ਕਸ-2023/1116 ਮਿਤੀ:31.03.2023

ਉਤਾਰਾ: 1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ)
2. ਸਮੂਹ ਜ਼ਿਲ੍ਹਾ ਮੈਨੇਜਰ, ਖੇਤਰੀ ਦਫਤਰ, ਪਸਸਬ।

31/3/2023

ਸਹਾਇਕ ਸਕੱਤਰ (ਕ.ਸ)
ਪੰਜਾਬ ਸਕੂਲ ਸਿੱਖਿਆ ਬੋਰਡ